بِسۡمِ اللّٰہِ الرَّحۡمٰنِ الرَّحِیۡمِ　　نَحْمَدُہٗ وَنُصَلِّیْ عَلٰی رَسُوْلِہِ الْکَرِیْمِ　　وَعَلٰی عَبْدِہِ الْمَسِیْحِ الْمَوْعُوْدِ

# ਖ਼ੁਲਾਸਾ ਖ਼ੁਤਬਾ ਜੁਮਆ 09.07.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 09 ਜੁਲਾਈ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فاعوذ بالله من الشيطن الرجيم۔
بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعَالَمِيْنَ ۔ الرَّحْمٰنِ الرَّحِيْمِ ۔ مَالِكِ يَوْمِ الدِّيْنِ ۔ إِيَّاكَ نَعْبُدُ وَإِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّالِّيْنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਕੱਲ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਚੱਲ ਰਿਹਾ ਹੈ । ਆਪ ਰਜ਼ੀ ਅਲੱਾਹੁ ਅਨਹੁ ਨੇ ਨਿਆਏ ਅਨੁਸਾਰ ਨਿਆਏ ਵਿਭਾਗ ਅਰੰਭ ਕੀਤੇ ਅਤੇ ਹਰ ਜ਼ਿਲੇ ਵਿੱਚ ਨਿਆਲੇ ਸਥਾਪਤ ਕੀਤੇ ਅਤੇ ਕਾਜ਼ੀ (ਜੱਜ) ਨਿਯੁਕਤ ਕੀਤੇ । ਜਜੱਾਂ ਦੀ ਚੋਣ ਵਿੱਚ ਵਿਸ਼ੇਸ਼ ਰੂਪ ਵਿੱਚ ਫ਼ਿਕਾਹ (ਵਿਧਾਨ) ਦੇ ਮਹਾਰਾਂ ਨੂੰ ਨਿਯੁਕਤ ਕਰਦੇ, ਇਹਨਾ ਦੀ ਪ੍ਰੀਖਿਆ ਲੈਂਦੇ, ਇਹਨਾਂ ਦੀਆਂ ਵੱਡੇ ਵੇਤਨ ਲਾਉਂਦੇ । ਧਨਵਾਨ ਤੇ ਸਨਮਾਨਤ ਵਿਅਕਤੀਆਂ ਨੂੰ ਕਾਜ਼ੀ ਨਿਯੁਕਤ ਕਰਦੇ ਤਾਂ ਜੋ ਫ਼ੈਸਲੇ ਸਮੇਂ ਕਿਸੇ ਦੇ ਰੁਹਬ ਵਿੱਚ ਨ ਆ ਸਕਣ । ਹਜ਼ਰਤ ਉਮਰ ਨਿਆਏ ਅਤੇ ਸਮਾਨਤਾ ਦਾ ਐਨ੍ਹਾ ਖ਼ਿਆਲ ਰਖੱਦੇ ਕਿ ਇਕ ਵਾਰ ਹਜ਼ਰਤ ਅਬੀ ਬਿਨ ਕਾਅਬ ਰਜ਼ੀ ਅਲੱਾਹੁ ਅਨਹੁ ਦੇ ਨਾਲ ਆਪ ਰਜ਼ੀ ਅਲੱਾਹੁ ਅਨਹੁ ਦਾ ਮਾਮਲਾ ਹਜ਼ਰਤ ਜ਼ੈਦ ਬਿਨ ਸਾਬਤ ਰਜ਼ੀ ਅਲੱਾਹੁ ਅਨਹੁ ਦੀ ਅਦਾਲਤ ਵਿੱਚ ਪਹੁੰਚਿਆ । ਹਜ਼ਰਤ ਜ਼ੈਦ ਰਜ਼ੀ ਅਲੱਾਹੁ ਅਨਹੁ ਨੇ ਦੋਹਾਂ ਪਾਰਟੀਆਂ ਨੂੰ ਬੁਲਾਇਆ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਸਨਮਾਨ ਕੀਤਾ । ਇਸ'ਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ, ਇਹ ਤੁਹਾਡਾ ਪਹਿਲਾ ਜ਼ੁਲਮ ਹੈ । ਇਹ ਕਹਿਕੇ ਆਪ ਹਜ਼ਰਤ ਅਬੀ ਬਿਨ ਰਜ਼ੀ ਅਲੱਾਹੁ ਅਨਹੁ ਦੇ ਨਾਲ ਜਾ ਬੈਠੇ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਸ਼ਰੀਅਤ ਦੇ ਕਾਨੂਨਾ ਦੀ ਜਾਣਕਾਰੀ ਲਈ ਇਫ਼ਤਾ (ਫ਼ਤਵਾ ਦੇਣ) ਦਾ ਮਹਿਕਮਾ ਜਾਰੀ ਕੀਤਾ ਤਾਂ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ, ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ, ਹਜ਼ਰਤ ਮਆਜ਼ ਬਿਨ ਜਬਲ ਰਜ਼ੀ ਅਲੱਾਹੁ ਅਨਹੁ, ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹੁ ਅਨਹੁ, ਹਜ਼ਰਤਅਬੀ ਬਿਨ ਕਾਅਬ ਰਜ਼ੀ ਅਲੱਾਹੁ ਅਨਹੁ, ਹਜ਼ਰਤ ਜ਼ੈਦ ਬਿਨ ਸਾਬਤ ਰਜ਼ੀ ਅਲੱਾਹੁ ਅਨਹੁ, ਹਜ਼ਰਤ ਅਬੂ ਹੁਰੈਰਾ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਅਬੂ ਦਰਦਾਅ ਰਜ਼ੀ ਅਲੱਾਹੁ ਅਨਹੁ ਨੂੰ ਨਿਯੁਕਤ ਕਰਦਿਆਂ ਹੋਇਆਂ ਫ਼ਰਮਾਇਆ ਕਿ ਇਹਨਾ ਤੋਂ ਬਿਨਾ ਕਿਸੇ ਹੋਰ ਤੋਂ ਫ਼ਤਵਾ ਨਹੀਂ ਲਿਆ ਜਾਵੇਗਾ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਹਜਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਕਾਲ ਵਿੱਚ ਇਕ ਸਨਮਾਨਯੋਗ ਸਹਾਬੀ ਸੰਭਵਤਾ ਹਜ਼ਰਤ ਅਬਦੁਲੱਾਹ ਬਿਨ ਮਸਊਦ ਰਜ਼ੀ ਅਲੱਾਹੁ ਅਨਹੁ ਨੇ ਲੋਕਾਂ ਨੂੰ ਕੋਈ ਮਸਲਾ ਦੱਸਿਆ । ਜੱਦ ਇਸ ਦੀ ਸੂਚਨਾ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਪਹੁੰਚੀ ਤਾਂ ਆਪ ਰਜ਼ੀ ਅਲੱਾਹੁ ਅਨਹੁ ਨੇ ਝੱਟ ਉਹਨਾਂ ਤੋਂ ਪੁੱਛ ਗਿੱਛ ਕੀਤੀ ਕਿ ਕੀ ਤੁਸੀਂ ਅਮੀਰ ਹੋ ਜਾਂ ਅਮੀਰ ਨੇ ਤੁਹਾਨੂੰ ਨਿਯੁਕਤ ਕੀਤਾ ਹੈ ਕਿ ਫ਼ਤਵਾ ਦਿੰਦੇ ਰਹੋ । ਵਾਸਤਵ ਵਿੱਚ ਜੇਕਰ ਹਰ ਵਿਅਕਤੀ ਨੂੰ ਫ਼ਤਵਾ ਦੇਣ ਦਾ ਹੱਕ ਹੋਵੇ ਤਾਂ ਬਹੁਤ ਸਾਰੀਆਂ ਔਕੁੜਾਂ ਪੈਦਾ ਹੋ ਸਕਦੀਆਂ ਹਨ ਅਤੇ ਬਹੁਤ ਸਾਰੇ ਫ਼ਤਵੇ ਲੋਕਾਂ ਲਈ ਮੁਸੀਬਤ ਦਾ ਸਬਬ ਬਣ ਸਕਦੇ ਹਨ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਦੇਸ਼ ਵਿੱਚ ਅਮਨ ਅਮਾਨ ਤੇ ਬਜ਼ਾਰਾਂ ਦੀ ਨਿਗਰਾਨੀ ਲਈ ਪੁਲਿਸ ਦਾ ਮਹਿਕਮਾ ਬਣਾਇਆ ਅਤੇ ਨਿਯਮਾ ਅਨੁਸਾਰ ਜੇਲਾਂ ਵੀ ਬਣਵਾਈਆਂ ।

15 ਹਿਜਰੀ ਵਿੱਚ ਬਹਿਰੀਨ ਤੋਂ ਪੰਜ ਲੱਖ ਦੀ ਪੂੰਜੀ ਆਈ ਤਾਂ ਸਹਾਬਾ ਦੇ ਮਸ਼ਵਰੇ ਨਾਲ ਮਦੀਨੇ ਵਿੱਚ ਬੈਤੁਲਮਾਲ (ਵਿੱਤ ਵਿਭਾਗ) ਸਥਾਪਤ ਕੀਤਾ ਗਿਆ । ਹਜ਼ਰਤ ਅਬਦੁਲੱਾਹ ਬਿਨ ਅਰਕਮ ਰਜ਼ੀ ਅਲੱਾਹੁ ਅਨਹੁ ਖ਼ਜ਼ਾਨੇ ਦੇ ਅਫ਼ਸਰ ਨਿਯੁਕਤ ਹੋਏ । ਹਜ਼ਰਤ ਉਮਰ ਫ਼ਾਰੂਕ ਰਜ਼ੀ ਅਲੱਾਹੁ ਅਨਹੁ ਇਮਾਰਤਾਂ ਦੀ ਉਸਾਰੀ ਵਿੱਚ ਬਚਤ ਤੋਂ ਕੰਮ ਲਿਆ ਕਰਦੇ ਸਨ, ਪਰੰਤੂ ਆਪ ਰਜ਼ੀ ਅਲੱਾਹੁ ਅਨਹੁ ਨੇ ਵਿੱਤ ਵਿਭਾਗ ਲਈ ਆਤਿਅੰਤ ਸੁੰਦਰ ਇਮਾਰਤਾਂ ਬਣਵਾਈਆਂ ਅਤੇ ਇਹਨਾ'ਤੇ ਪਹਿਰੇਦਾਰ ਨਿਯੁਕਤ ਕੀਤੇ । ਇਕ ਵਾਰ ਕੜਾਕੇ ਦੀ ਗਰਮੀ ਦੀ ਰੁੱਤ ਵਿੱਚ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਆਪਣੇ ਅਜ਼ਾਦ ਕੀਤੇ ਗ਼ੁਲਾਮ ਦੇ ਨਾਲ ਨਜਦ ਵੱਲ 'ਆਲੀਆ' ਵਾਦੀ ਵਿੱਚ ਸਨ ਕਿ ਸਾਹਮਣਿਓਂ ਇਕ ਵਿਅਕਤੀ ਦੋ ਜੁਆਨ ਊਠਾਂ ਨੂੰ ਹਿਕਦਾ ਹੋਇਆ ਆਉਂਦਾ ਦਿਖਾਈ ਦਿਤੱਾ । ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ, ਇਸ ਵਿਅਕਤੀ ਨੂੰ ਕੀ ਹੋਇਆ ਹੈ ਜੇਕਰ ਇਹ ਮਦੀਨੇ ਵਿੱਚ ਰਹਿੰਦਾ ਅਤੇ ਰੁੱਤ ਦੇ ਠੰਡਾ ਹੋਣ ਬਾਦ ਨਿਕਲਦਾ ਤਾਂ ਇਸ ਲਈ ਚੰਗਾ ਸੀ । ਜੱਦ ਉਹ ਵਿਅਕਤੀ ਨੇੜੇ ਆਇਆ ਤਾਂ ਪਤਾ ਲਗੱਾ ਕਿ ਉਹ ਅਮੀਰੁਲ ਮੋਮਿਨੀਨ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਾਹੁ ਅਨਹੁ ਹਨ । ਆਪ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਸਦਕੇ (ਦਾਨ) ਦੇ ਊਠਾਂ ਵਿੱਚੋਂ ਇਹ ਬਿੱਛੇ ਰਹਿ ਗਏ ਸਨ, ਮੈਂਨੂੰ ਡਰ ਲਗੱਾ ਕਿ ਇਹ ਦੋਵੇਂ ਗੁਆਚ ਜਾਣਗੇ ਅਤੇ ਰੱਬ ਮੈਥੋਂ ਇਹਨਾ ਬਾਰੇ ਪੁੱਛੇਗਾ ।

ਹਜ਼ਰਤ ਉਸਮਾਨ ਨੇ ਕਿਹਾ ਜੋ ਚਾਹੁੰਦਾ ਹੈ ਕਿ ਉਹ (القوی الامین) ਅਰਥਾਤ ਮਜ਼ਬੂਤ ਤੇ ਇਮਾਨਦਾਰ ਨੂੰ ਦੇਖੇ ਤਾਂ ਇਸ ਵਿਅਕਤੀ ਨੂੰ ਦੇਖ ਲਏ । ਇਕ ਦੂਜੀ ਰਿਵਾਇਤ ਵਿੱਚ ਆਉਂਦਾ ਹੈ ਕਿ ਉਮਰ ਬਿਨ ਨਾਫ਼ਿਅ ਨੇ ਅਬੂ ਬਕਰ ਈਸਾ ਤੋਂ ਰਿਵਾਇਤ ਕਰਕੇ ਬਿਆਨ ਕੀਤਾ, ਉਹ ਕਹਿੰਦੇ ਸਨ ਮੈਂ, ਹਜ਼ਰਤ ਉਮਰ ਬਿਨ ਖ਼ਤਾਬ, ਹਜ਼ਰਤ ਉਸਮਾਨ ਬਿਨ ਅਫ਼ਾਨ ਅਤੇ ਹਜ਼ਰਤ ਅਲੀ ਬਿਨ ਅਬੀ ਤਾਲਬ ਰਿਜ਼ਵਾਨੁਲੱਾਹ ਅਲੈਹਿਮ ਦੇ ਨਾਲ ਸਦਕੇ ਸਮੇਂ ਆਇਆ । ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਛਾਂ ਵਿੱਚ ਬਹਿ ਗਏ ਅਤੇ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਉਹਨਾ ਕੋਲ ਖੜੇ ਹੋਕੇ ਉਹ ਗਲੱਾਂ ਉਹਨਾਂ ਨੂੰ ਕਹਿੰਦੇ ਜਾਂਦੇ ਜੋ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਕਹਿੰਦੇ ਸਨ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਕੜਾਕੇ ਦੀ ਗਰਮੀ ਹੁੰਦਿਆਂ ਹੋਇਆਂ ਵੀ ਧੁੱਪ ਵਿੱਚ ਖੜੇ ਸਨ ਅਤੇ ਆਪ ਕੋਲ ਦੋ ਕਾਲੀਆਂ ਚਾਦਰਾਂ ਸਨ, ਇਕ ਚਾਦਰ ਲਾਚੇ ਦੇ ਰੂਪ ਵਿੱਚ ਬੰਨ੍ਹੀ ਹੋਈ ਸੀ ਅਤੇ ਇਕ ਉਪੱਰ ਸਿਰ'ਤੇ ਪਾਈ ਸੀ ਅਤੇ ਸਦਕੇ ਦੇ ਊਠਾਂ ਦੀ ਪਰਖ ਕਰ ਰਹੇ ਸਨ ਅਤੇ ਊਠ ਦਾ ਰੰਗ ਤੇ ਉਮਰ ਲਿੱਖ ਰਹੇ ਸਨ । ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੂੰ ਕਿਹਾ ਕਿ ਕਿਤਾਬੁਲੱਾਹ ਵਿੱਚ ਤੁਸੀਂ ਹਜ਼ਰਤ ਸ਼ੁਐਬ ਅਲੈਹਿ ਸਲਾਮ ਦੀ ਬੇਟੀ ਦਾ ਇਹ ਕਥਨ ਸੁਣਿਆ ਹੈ, اِنَّ خَيْرَ مَنِ اسْتَأْجَرْتَ الْقَوِيُّ الْاَمِيْنُ ਨਿਰਸੰਦੇਹ ਜਿੰਨ੍ਹਾ ਨੂੰ ਵੀ ਤੂੰ ਨੌਕਰ ਰੱਖੇਂ ਉਹਨਾ ਵਿੱਚੋਂ ਚੰਗਾ ਉਹੋ ਸਾਬਤ ਹੋਵੇਗਾ ਜੋ ਮਜਬੂਤ ਤੇ

ਇਮਾਨਦਾਰ ਹੋਵੇ । ਫਿਰ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਵੱਲ ਸੰਕੇਤ ਕਰਕੇ ਕਿਹਾ ਕਿ ਇਹ ਉਹੋ ਮਜ਼ਬੂਤ ਤੇ ਇਮਾਨਦਾਰ ਹੈ ।

ਇਕ ਵਾਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਬੈਤੁਲਮਾਲ (ਵਿੱਤ ਵਿਭਾਗ) ਵਿੱਚ ਕੁਝ ਵੰਡ ਰਹੇ ਸਨ ਕਿ ਉਹਨਾ ਦੀ ਬੇਟੀ ਆਈ ਅਤੇ ਉਸ ਨੇ ਇਕ ਦਿਰਹਮ ਮੂੰਹ ਵਿੱਚ ਪਾ ਲਿਆ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਮੂੰਹ ਵਿੱਚ ਉਂਗਲੀ ਪਾਕੇ ਉਹ ਦਿਰਹਮ ਕੱਢਿਆ ਅਤੇ ਕਿਹਾ ਹੇ ਲੋਕੋ ! ਉਮਰ ਅਤੇ ਉਸ ਦੀ ਸੰਤਾਨ ਲਈ ਉਨ੍ਹਾ ਹੀ ਹੱਕ ਹੈ ਜਿੰਨ੍ਹਾ ਸਾਧਾਰਣ ਮੁਸਲਮਾਨ ਦਾ ਹੈ । ਇਸੇ ਪ੍ਰਕਾਰ ਇਕ ਵਾਰ ਹਜ਼ਰਤ ਅਬੂ ਮੂਸਾ ਰਜ਼ੀ ਅਲੱਾਹੁ ਅਨਹੁ ਬੈਤੁਲਮਾਲ ਵਿੱਚ ਝਾੜੂ ਲਾ ਰਹੇ ਸਨ ਕਿ ਉਹਨਾ ਨੂੰ ਇਕ ਦਿਰਹਮ ਮਿਲਿਆ । ਇਤਫ਼ਾਕ ਨਾਲ ਉੱਥੇ ਹੀ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਇਕ ਛੋਟਾ ਬਚੱਾ ਲੰਘ ਰਿਹਾ ਸੀ, ਅਬੂ ਮੂਸਾ ਨੇ ਉਹ ਦਿਰਹਮ ਉਸ ਬੱਚੇ ਨੂੰ ਦੇ ਦਿਤੱਾ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਬੱਚੇ ਦੇ ਹੱਥ ਵਿੱਚ ਦਿਰਹਮ ਦੇਖਿਆ ਤਾਂ ਬੱਚੇ ਨੂੰ ਪੁੱਛਿਆ ਅਤੇ ਫਿਰ ਅਬੂ ਮੂਸਾ ਨੂੰ ਫਪਰਮਾਇਆ ਕਿ ਹੇ ਅਬੂ ਮੂਸਾ ! ਕੀ ਮਦੀਨੇ ਵਾਸੀਆਂ ਵਿੱਚੋਂ ਉਮਰ ਰਜ਼ੀ ਅਲੱਾਹੁ ਅਨਹੁ ਦੇ ਘਰ ਤੋਂ ਵੱਧ ਹਕੀਰ ਤੇਰੇ ਨੇੜੇ ਹੋਰ ਕੋਈ ਨਹੀਂ ਸੀ । ਤੂੰ ਚਾਹਿਆ ਕਿ ਉਮੱਤੇ ਮੁਹਮੱਦੀਆ ਸਲਲੱਾਹੁ ਅਲੈਹਿ ਵਸਲੱਮ ਤੋਂ ਕੋਈ ਬਾਕੀ ਨ ਰਹੇ ਪਰ ਉਹ ਸਾਡੇ ਕੋਲੋਂ ਇਸ ਜ਼ੁਲਮ ਦੀ ਮੰਗ ਕਰੇ ।

ਲੋਕ ਭਲਾਈ ਦੇ ਕੰਮਾ ਲਈ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਨਹਿਰਾਂ ਕਢਾਈਆਂ । **18** ਹਿਜਰੀ ਵਿੱਚ ਕਹਿਤ ਪਿਆ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਫਰਮਾਨ’ਤੇ ਹਜ਼ਰਤ ਉਮੱਰੋ ਬਿਨ ਆਸ ਰਜ਼ੀ ਅਲੱਾਹੁ ਅਨਹੁ ਨੇ ਫ਼ਸਤਾਤ ਤੋਂ ਬਹੀਰਾਏ ਕੁਲਜ਼ਮ (ਲਾਲ ਸਾਗਰ) ਤੱਕ ਨਹਿਰ ਬਣਵਾਈ ਜਿਸ ਰਾਹੀਂ ਪਾਣੀ ਦੇ ਜਹਾਜ਼ ਮਦੀਨੇ ਦੀ ਬੰਦਰਗਾਹ ਜਦੱਾ ਤੱਕ ਪਹੁੰਚ ਜਾਂਦੇ । ਇਸੇ ਪ੍ਰਕਾਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਲੋਕਾਂ ਦੀ ਸੌਖ ਲਈ ਮਸਜਿਦਾਂ, ਅਦਾਲਤਾਂ, ਫ਼ੌਜੀ ਛਾਉਣੀਆਂ, ਬੈਰਕਸ, ਸੜਕਾਂ, ਪੁੱਲ, ਸਰਾਵਾਂ ਅਤੇ ਚੌਕੀਆਂ ਵੀ ਤਿਆਰ ਕਰਵਾਈਆਂ । ਅਨੇਕਾਂ ਹੀ ਨਵੇਂ ਸ਼ਹਿਰ ਜਿਵੇਂ ਫ਼ਸਤਾਤ, ਬਸਰਹ, ਕੂਫ਼ਾ ਆਦਿ ਵਸਾਏ । ਆਪ ਰਜ਼ੀ ਅਲੱਾਹੁ ਅਨਹੁ ਨੇ ਫ਼ੌਜ ਦੀ ਬਣਤਰ ਤੇ ਵਿਵਸਥਾ ਤਿਆਰ ਕੀਤੀ । ਮਰਤਬਿਆਂ ਅਨੁਸਾਰ ਫ਼ੌਜੀਆਂ ਦੇ ਵੇਤਨ ਨਿਯੁਕਤ ਕੀਤੇ । ਆਪ ਰਜ਼ੀ ਅਲੱਾਹੁ ਅਨਹੁ ਨੂੰ ਫ਼ੌਜ ਦੀ ਬਣਤਰ ਤੇ ਤਰਤੀਬ ਦਾ ਬਹੁਤ ਖ਼ਿਆਲ ਸੀ, ਇਸ ਲਈ ਆਪ ਰਜ਼ੀ ਅਲੱਾਹੁ ਅਨਹੁ  ਦਾ ਤਾਕੀਦੀ ਹੁਕਮ ਸੀ ਕਿ ਜਿੱਤੇ ਹੋਏ ਦੇਸ਼ਾਂ ਵਿੱਚ ਕੋਈ ਵਿਅਕਤੀ ਖੇਤੀ ਜਾਂ ਵਪਾਰ ਦਾ ਕਿਤੱਾ ਨ ਕਰੇ । ਅੱਜ ਕਲ ਮੁਸਲਮਾਨ ਦੇਸ਼ਾਂ ਵਿੱਚ ਫ਼ੌਜੀ ਵਪਾਰਾਂ ਵਿੱਚ ਰੁਝੇ ਹੋਏ ਹਨ । ਸਗੋਂ ਇਕ ਦੇਸ਼ ਬਾਰੇ ਤਾਂ ਕਿਹਾ ਜਾਂਦਾ ਹੈ ਕਿ ਕਮੀਸ਼ਨ ਲੈਂਦੇ ਹੀ ਅਫ਼ਸਰ ਇਹ ਦੇਖਦਾ ਹੈ ਕਿ ਕਿੱਥੇ ਪਲਾਟ ਅਲਾਟ ਕਰਾਇਆ ਜਾਵੇ । ਇਸ ਪ੍ਰਕਾਰ ਇਹਨਾ ਦੀਆਂ ਸਿਪਾਹੀ ਦੀਆਂ ਯੋਗਤਾਵਾਂ ਘਟੱਦੀਆਂ ਜਾ ਰਹੀਆਂ ਹਨ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਖ਼ਿਲਾਫ਼ਤ ਕਾਲ ਵਿੱਚ ਠੰਡੇ ਤੇ ਗਰਮ ਦੇਸ਼ਾਂ’ਤੇ ਹਮਲਾ ਕਰਦੇ ਸਮੇਂ ਰੁੱਤ ਦਾ ਖ਼ਿਆਲ ਰੱਖਿਆ ਜਾਂਦਾ ਸੀ । ਸਿਪਾਹੀਆਂ ਨੂੰ ਦਲੇਰ ਤੇ ਜੰਗੀ ਸਾਧਨਾ ਤੋਂ ਭਰਪੂਰ ਕੀਤਾ ਜਾਂਦਾ ਸੀ ।

ਇਸਲਾਮੀ ਹੁਕੂਮਤਾਂ ਹੇਠ ਗ਼ੈਰ ਕੌਮਾ ਦੇ ਲੋਕ ਵੀ ਵੱਡੇ ਵੱਡੇ ਉਹਦਿਆਂ’ਤੇ ਵਿਰਾਜਮਾਨ ਸਨ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਜੰਗੀ ਵਿਭਾਗ ਨੂੰ ਖੁੱਲ ਦਿੱਤੀ ਸੀ ਕਿ ਇਸ ਲਈ ਕਿਸੇ ਕੌਮ ਤੇ ਦੇਸ਼ ਦੀ ਵਿਸ਼ੇਸ਼ਤਾ ਨਹੀਂ ਸੀ । ਵਾਲੰਟੀਅਰ ਫ਼ੌਜ ਵਿੱਚ ਹਜ਼ਾਰਾਂ ਹੀ ਮਜੂਸੀ ਸ਼ਾਮਲ ਸਨ । ਇਤਿਹਾਸ ਤੋਂ ਪ੍ਰਮਾਣਤ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਖ਼ਿਲਾਫ਼ਤ ਕਾਲ ਵਿੱਚ ਗ਼ੈਰ ਕੌਮਾਂ ਦੇ ਲੋਕਾਂ ਨੂੰ ਜੰਗੀ ਅਫ਼ਸਰ ਨਿਯੁਕਤ ਕੀਤਾ ਜਾਜੰਦਾ ਸੀ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਵਸਤਾਂ ਦਾ ਮੁੱਲ ਅਣਉਚਿਤ ਰੂਪ ਵਿੱਚ ਡਿਗਾਉਣ ਉਪੱਰ ਸਖ਼ਤ ਪਬੰਦੀ ਲਾਈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਇਸਲਾਮ ਨੇ ਭਾਅ ਵਧਾਉਣ ਅਤੇ ਇਸੇ ਪ੍ਰਕਾਰ ਹੋਰਨਾ ਨੂੰ ਹਾਣ ਪਹੁੰਚਾਉਣ ਲਈ ਭਾਅ ਡਿਗਾਉਣ ਤੋਂ ਵੀ ਮਨਾ ਕੀਤਾ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਸਿੱਖਿਆ ਦੀ ਵਿਵਸਥਾ ਨੂੰ ਅਤਿਅੰਤ ਉਨੱਤ ਕੀਤਾ । ਸਾਰੇ ਦੇਸ਼ ਵਿੱਚ ਮਦਰਸੇ ਸਥਾਪਤ ਕੀਤੇ ਜਿੰਨ੍ਹਾ ਵਿੱਚ ਕੁਰਆਨ ਮਜੀਦ ਤੇ ਫ਼ਿਕਾਹ ਦੀ ਸਿੱਖਿਆ ਦਿੱਤੀ ਜਾਂਦੀ । ਵੱਡੇ ਵੱਡੇ ਸਹਾਬਾ ਨੂੰ ਸਿੱਖਿਆ ਦੇਣ ਲਈ ਨਿਯੁਕਤ ਕੀਤਾ ਅਤੇ ਪੜ੍ਹਾਉਣ ਵਾਲਿਆਂ ਨੂੰ ਚੰਗਾ ਵੇਤਨ ਦਿਤੱਾ ।ਹਿਜਰੀ ਕੈਲੰਡਰ ਤਿਆਰ ਕਰਵਾਇਆ, ਜਿਸ ਦਾ ਅਰੰਭ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਮਦੀਨੇ ਹਿਜਰਤ ਤੋਂ ਕੀਤਾ । ਇਹ ਕੈਲੰਡਰ ਕੱਦ ਸ਼ੁਰੂ ਹੋਇਆ ਇਸ ਬਾਰੇ ਵੱਖ ਵੱਖ ਕਥਨ ਹਨ । ਕੁਝ ਕਹਿੰਦੇ ਹਨ ਕਿ 16 ਹਿਜਰੀ ਵਿੱਚ ਇਸਦਾ ਅਰੰਭ ਹੋਇਆ । ਕੁਝ ਅਨੁਸਾਰ 17 ਹਿਜਰੀ ਜਾਂ 18 ਹਿਜਰੀ ਜਾਂ 21 ਹਿਜਰੀ ਵਿੱਚ ਇਸ ਕੈਲੰਡਰ ਦਾ ਅਰੰਭ ਹੋਇਆ ।

ਇਸਲਾਮੀ ਸਿੱਕਿਆਂ ਬਾਰੇ ਆਮ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਸਭ ਤੋਂ ਪਹਿਲਾ ਸਿਕੱਾ ਅਬਦੁਲ ਮੁਲਕ ਬਿਨ ਮਰਵਾਨ ਨੇ ਜਾਰੀ ਕੀਤਾ, ਪਰ ਪਵਿਤੱਰ ਮਦੀਨੇ ਦੇ ਇਤਿਹਾਸਕਾਰ ਕਹਿੰਦੇ ਹਨ ਕਿ ਇਸਲਾਮੀ ਸਿੱਕੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਦੌਰ ਵਿੱਚ ਜਾਰੀ ਹੋਏ ਸਨ । ਇਹਨਾ'ਤੇ ਅਲਹਮਦੁਲਿਲੱਾਹ, ਕਈਆਂ'ਤੇ ਮੁਹਮੱਦ ਰਸੂਲੁਲੱਾਹ ਅਤੇ ਕਈਆਂ'ਤੇ ਲਾ ਇਲਾਹਾ ਇਲਲੱਾਹੁ ਵਹਦਹੂ ਉਕਰਿਆ ਹੋਇਆ ਸੀ । ਇਕ ਖੋਜ ਅਨੁਸਾਰ ਸਭ ਤੋਂ ਪਹਿਲਾਂ ਇਸਲਾਮੀ ਸਿੱਕੇ ਦਮਿਸ਼ਕ ਵਿੱਚ 17 ਹਿਜਰੀ ਵਿੱਚ ਜਾਰੀ ਹੋਏ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਆਪਣੇ ਖ਼ਿਲਾਫ਼ਤ ਕਾਲ ਵਿੱਚ ਜੋ ਨਵੀਆਂ ਗਲੱਾਂ ਇਜਾਦ ਕੀਤੀਆਂ ਉਹਨਾ ਨੂੰ ਇਤਿਹਾਸਕਾਰ 'ਅਵੱਲੀਯਾਤ' ਕਹਿੰਦੇ ਹਨ । ਅਲਾਮਾ ਸ਼ਿਬਲੀ ਨੁਅਮਾਨੀ ਨੇ ਆਪਣੀ ਕਿਤਾਬ 'ਅਲਫ਼ਾਰੂਕ' ਵਿੱਚ ਚੁਤਾਲੀ (44) ਦੇ ਲਗਭਗ ਅਵੱਲੀਯਾਤ ਦਰਜ ਕਰਕੇ ਲਿੱਖਿਆ ਹੈ ਕਿ ਇਸ ਤੋਂ ਬਿਨਾ ਹੋਰ ਵੀ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀਆਂ ਅਵੱਲੀਯਾਤ ਹਨ ਜਿੰਨਾ ਨੂੰ ਅਸੀਂ ਲੰਮਿਆਂ ਹੋ ਜਾਣ ਦੇ ਡਰ ਨਾਲ ਛਡੱਦੇ ਹਾਂ ।

ਹਜ਼ਰਤ ਉਮਰ ਦਾ ਜ਼ਿਕਰ ਜਾਰੀ ਰਹਿਣ ਬਾਰੇ ਆਖਣ ਤੋਂ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਛੇ ਮਰਹੂਮਾਂ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ। ਮੁਕਰੱਮ ਸੁਵਿਰਪਿਤੋ ਹਾਦੀ ਸਿਸਵੋਯੋ ਸਾਹਬ ਆਫ਼ ਇੰਡੋਨੇਸ਼ੀਆ, ਮੁਕਰੱਮ ਚੌਧਰੀ ਬਸ਼ੀਰ ਅਹਮਦ ਭੱਟੀ ਸਾਹਬ ਸਪੁਤੱਰ ਅਲੱਾਹ ਦਾਦ ਸਾਹਬ ਭੋਣੋ ਜ਼ਿਲਾ ਨਨਕਾਨਾ ਸਾਹਬ, ਮੁਕਰੱਮ ਹਮੀਦੁਲੱਾਹ ਖ਼ਾਦਮ ਮੱਲ੍ਹੀ ਸਾਹਬ ਸਪੁਤੱਰ ਮੁਕਰੱਮ ਅਲੱਾਹ ਰਖੱਾ ਮਲ੍ਹੀ ਸਾਹਬ ਦਾਰੁਲ ਨਸਰ ਗ਼ਰਬੀ ਰਬਵਾਹ, ਮੁਕਰੱਮ ਮੁਹਮੱਦ ਅਲੀ ਖ਼ਾਪ ਪਸ਼ਾਵਰ, ਮੁਕਰੱਮ ਸਾਹਿਬਜ਼ਾਦਾ ਮਹਦੀ ਲਤੀਫ਼ ਸਾਹਬ ਆਫ਼ ਮੇਰੀਲੈਂਡ ਅਮਰੀਕਾ ਜੋ ਮਰਾਹੂਮ ਹਜ਼ਰਤ ਸਾਹਿਬਜ਼ਾਦਾ ਅਬਦੁਲ ਲਤੀਫ਼ ਸਾਹਬ ਸ਼ਹੀਦ ਰਜ਼ੀ ਅਲੱਾਹੁ ਅਨਹੁ ਦੇ ਪੋਤੇ ਸਨ ਅਤੇ ਫ਼ੈਜ਼ਾਨ ਅਹਮਦ ਸੁਮੈਰ ਸਪੁਤੱਰ ਸ਼ਹਿਜ਼ਾਦਾ ਅਕਬਰ ਸਾਹਬ ਕਾਰਕੁਨ ਦਫ਼ਤਰ ਪ੍ਰਾਈਵੇਟ ਸੈਕ੍ਰੇਟਰੀ ਰਬਵਾਹ । ਹਜ਼ੂਰ ਅਨਵਰ ਨੇ ਇਹਨਾ ਸਾਰਿਆਂ ਮਰਹੂਮਾ ਲਈ ਬਖਸ਼ਿਸ਼ ਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ
وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ
ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 02.07.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131